## ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:), ਪੰਜਾਬ।

ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਸਿੱਖਿਆ ਭਵਨ,
ਚੌਥੀ ਮੰਜਿਲ, ਫੇਜ਼-8, ਸਾਹਿਬਜਾਦਾ ਅਜੀਤ ਸਿੰਘ ਨਗਰ
(ਸੈਕੰਡਰੀ ਸਿੱਖਿਆ ਸ਼ਾਖਾ)

ਵੱਲ

ਸਮੂਹ ਮੰਡਲ/ ਜਿਲ੍ਹਾ ਸਿਖਿਆ ਅਫਸਰ(ਸੈ:ਸਿ:)
ਪੰਜਾਬ।
ਮੀਮੋ ਨੰਬਰ 10/139-15 ਸੈ:ਸਿ:(6)
ਮਿਤੀ: ਐਸ.ਏ.ਐਸ.ਨਗਰ, 12-06-2015

ਵਿਸ਼ਾ:- ਮਾਨਯੋਗ ਸਿਖਿਆ ਮੰਤਰੀ ਜੀ ਦੀ ਪ੍ਰਧਾਨਗੀ ਹੇਠ ਮਿਤੀ 24-06-2015 ਨੂੰ ਪੰਜਾਬ ਸਕੂਲ ਸਿਖਿਆ ਬੋਰਡ ਦੇ ਆਡੀਟੋਰੀਅਮ ਵਿਖੇ ਹੋਣ ਵਾਲੀ ਮੀਟਿੰਗ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਮਿਤੀ 24-06-2015 ਨੂੰ ਪੰਜਾਬ ਸਕੂਲ ਸਿਖਿਆ ਬੋਰਡ ਦੇ ਆਡੀਟੋਰਅਮ ਵਿਖੇ ਮਾਨਯੋਗ ਸਿਖਿਆ ਮੰਤਰੀ ਜੀ ਵੱਲੋਂ ਪੰਜਾਬ ਦੇ ਸਮੂਹ ਜਿਲ੍ਹਿਆਂ ਦੇ ਦਸਵੀਂ ਵਿੱਚ ਅੰਗਰੇਜੀ ਵਿਸ਼ੇ ਦੇ ਸਭ ਤੋਂ ਘਟ ਨਤੀਜੇ ਵਾਲੇ ਹੇਠਲੇ 10 ਅਧਿਆਪਕਾਂ ਅਤੇ ਗਰਲਜ ਸੀਨੀਅਰ ਸੈਕੰਡਰੀ ਸਕੂਲਾਂ ਦੇ ਸਮੂਹ ਪ੍ਰਿੰਸੀਪਲਾਂ ਨਾਲ ਹੇਠ ਲਿਖੇ ਸ਼ਡਿਊਲ ਅਨੁਸਾਰ ਮੀਟਿੰਗ ਰੱਖੀ ਗਈ ਹੈ:-

| ਮਿਤੀ/ਦਿਨ | ਸਮਾਂ | ਜਿਨ੍ਹਾਂ ਨੇ ਮੀਟਿੰਗ ਵਿੱਚ ਭਾਗ ਲੈਣਾ ਹੈ | ਸਥਾਨ |
|---|---|---|---|
| 24-06-2015 ਬੁੱਧਵਾਰ | 11.00 ਵਜੇ ਸਵੇਰੇ | ਹਰੇਕ ਜਿਲ੍ਹੇ ਦੇ ਦਸਵੀਂ ਵਿੱਚ ਅੰਗਰੇਜੀ ਵਿਸ਼ੇ ਦੇ ਸਭ ਤੋਂ ਘਟ ਨਤੀਜੇ ਵਾਲੇ ਹੇਠਲੇ 10 ਅਧਿਆਪਕ | ਆਡੀਟੋਰੀਅਮ ਪੰਜਾਬ ਸਕੂਲ ਸਿਖਿਆ ਬੋਰਡ ਫੇਜ-8, ਐਸ.ਏ.ਐਸ.ਨਗਰ। |
| 24-06-2015 ਬੁੱਧਵਾਰ | 1.00 ਵਜੇ ਬਾਦ ਦੁਪਿਹਰ | ਸਰਕਾਰੀ ਗਰਲਜ ਸੀਨੀਅਰ ਸੈਕੰਡਰੀ ਸਕੂਲਾਂ ਦੇ ਸਮੂਹ ਪ੍ਰਿੰਸੀਪਲ | ਆਡੀਟੋਰੀਅਮ ਪੰਜਾਬ ਸਕੂਲ ਸਿਖਿਆ ਬੋਰਡ ਫੇਜ-8, ਐਸ.ਏ.ਐਸ.ਨਗਰ। |

ਸਮੂਹ ਜਿਲ੍ਹਾ ਸਿਖਿਆ ਅਫਸਰ (ਸੈ:ਸਿ) ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਪਰੋਕਤ ਅਨੁਸਾਰ ਮੀਟਿੰਗ ਵਿੱਚ ਹਾਜਰ ਹੋਣ ਲਈ ਹਦਾਇਤਾਂ ਤੁਰੰਤ ਜਾਰੀ ਕੀਤੀਆਂ ਜਾਣ ਅਤੇ ਉਪਰੋਕਤ ਅਨੁਸਾਰ ਮੀਟਿੰਗ ਵਿੱਚ ਭਾਗ ਲੈਣ ਵਾਲਿਆਂ ਦੀ 100% ਹਾਜਰੀ ਯਕੀਨੀ ਬਣਾਈ ਜਾਵੇ।

ਡਾਇਰੈਕਟਰ ਸਿਖਿਆ ਵਿਭਾਗ (ਸੈ:ਸਿ:)